ਡਾਇਰੈਕਟੋਰੇਟ ਆਫ ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ।
ਪੁੱਡਾ ਭਵਨ, ਬਲਾਕ-ਏ, ਸੈਕਟਰ-62, ਐਸ.ਏ.ਐਸ.ਨਗਰ।

ਵੱਲ

**Sh.Rajeev Kumar S/o Sh. Sham Lal,**
**Parner & Authorized Signatary,**
**M/s Spangle Stone Ladda (Hotel),**
**H.No. 167/2,Ward No. 14-A, Shivpuri Mohalla,**
**Tehsil-Dhuri, Distt. Sangrur.**

ਯਾਦ ਪੱਤਰ ਨੰ:3498 ਸੀਟੀਪੀ(ਪਬ)/ SS-83
ਮਿਤੀ: 28-5-2018

ਵਿਸ਼ਾ:- **Approval of Zoning Plan and Building Plans of Hotel namely M/s Spangle Stone at Village Ladda (H.B.No.57), Tehsil-Dhuri, Distt. Sangrur.**

ਹਵਾਲਾ: ਆਪ ਦਾ ਇਸ ਦਫਤਰ ਵੱਲ ਪੱਤਰ ਨਿੱਲ ਮਿਤੀ ਨਿੱਲ ਦੇ ਸਬੰਧ ਵਿੱਚ।

2. ਵਿਸ਼ੇ ਅਧੀਨ ਸਾਈਟ ਦੀ ਭੌਂ ਵਰਤੋਂ ਤਬਦੀਲੀ ਦੀ ਪ੍ਰਵਾਨਗੀ ਸੀਨੀਅਰ ਨਗਰ ਯੋਜਨਾਕਾਰ, ਲੁਧਿਆਣਾ ਵੱਲੋਂ ਪੱਤਰ ਨੰ: 485- ਐਸਟੀਪੀ(ਪੀ)/ਐਸਪੀ-327 ਮਿਤੀ 28.02.2018 ਰਾਹੀਂ 2.196 ਏਕੜ ਰਕਬੇ ਲਈ ਕਮਰਸ਼ਿਅਲ ਮੰਤਵ (ਹੋਟਲ) ਲਈ ਜਾਰੀ ਕੀਤੀ ਗਈ ਸੀ। ਹੁਣ ਆਪ ਵੱਲੋ ਇਸ ਸਾਈਟ ਸਬੰਧੀ ਪੇਸ਼ ਕੀਤੇ ਗਏ ਜ਼ੋਨਿੰਗ ਬਿਲਡਿੰਗ ਪਲੈਨਾਂ ਨੂੰ ਇਸ ਦਫ਼ਤਰ ਵਿੱਚ ਘੋਖਿਆ ਗਿਆ ਅਤੇ ਬਿਲਡਿੰਗ ਪਲੈਨਾਂ ਦੀ ਬਾਂਊਡਰੀਵਾਲ ਸਮੇਤ ਬਣਦੀ ਸਕਰੂਟਿਨੀ ਫੀਸ ਰੁਪਏ 2,58,000/- ਡੀ.ਡੀ.ਨੰ:125616 ਮਿਤੀ 19.05.2018 (ਸਟੇਟ ਬੈਂਕ ਆਫ ਇੰਡੀਆਂ) ਰਾਹੀਂ ਪ੍ਰਾਪਤ ਹੋ ਗਈ ਹੈ। ਪ੍ਰਾਪਤ ਬਿਲਡਿੰਗ ਪਲੈਨਾਂ ਨੂੰ ਤਕਨੀਕੀ ਪੱਖੋ ਠੀਕ ਪਾਉਂਦੇ ਹੋਏ, ਪ੍ਰਵਾਨਗੀ ਹੇਠ ਲਿਖਿਆਂ ਸ਼ਰਤਾਂ ਤੇ ਜਾਰੀ ਕੀਤੀ ਜਾਂਦੀ ਹੈ:-

1) ਬਿਲਡਿੰਗ ਦੀ ਉਸਾਰੀ (ਹੋਟਲ ਮੰਤਵ ) ਲਈ ਪ੍ਰਵਾਨ ਕੀਤੀ ਗਈ ਹੈ, ਕਿਸੇ ਹੋਰ ਮੰਤਵ ਲਈ ਨਹੀਂ ਆਪ ਸੀ.ਐਲ.ਯੂ. ਪ੍ਰਵਾਨਗੀ ਪੱਤਰ ਨੰ: 485-ਐਸਟੀਪੀ(ਪੀ)/ਐਸਪੀ-327 ਮਿਤੀ 28.02.2018 ਵਿੱਚ ਲਗਾਈਆਂ ਗਈਆਂ ਸ਼ਰਤਾਂ ਦੀ ਪ੍ਰਤੀ ਪੂਰਤੀ ਕਰਨ ਦੇ ਪਾਬੰਦ ਹੋਵੋਗੇ।
2) ਬਿਲਡਿੰਗ ਦੀ ਉਸਾਰੀ ਕਰਨ ਤੋਂ ਪਹਿਲਾਂ ਬਿਲਡਿੰਗ ਦੇ ਪਲਿੰਥ ਲੈਵਲ ਦੀ ਪ੍ਰਵਾਨਗੀ ਪੀ.ਡੀ.ਏ, ਪਟਿਆਲਾ ਦੇ ਸਮਰੱਥ ਅਧਿਕਾਰੀ ਤੋਂ ਪ੍ਰਾਪਤ ਕੀਤੀ ਜਾਵੇਗੀ ।
3) ਆਪ ਸਬ ਫਾਇਰ ਅਫ਼ਸਰ, ਫਾਇਰ ਬ੍ਰਿਗੇਡ, ਧੂਰੀ ਵੱਲੋਂ ਪੱਤਰ ਨੰ:PFS/D-10 ਮਿਤੀ 11.05.2018 ਰਾਹੀਂ ਜਾਰੀ ਐਨ.ਓ.ਸੀ. ਵਿੱਚ ਦਰਜ਼ ਸ਼ਰਤਾਂ ਦੀ ਪਾਲਣਾ ਕਰਨ ਅਤੇ ਫਾਇਰ ਫਾਈਟਿੰਗ ਲਈ ਸਾਈਟ ਵਿੱਚ ਸਬੰਧਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਢੁਕਵੇਂ ਉਪਬੰਧ ਕਰਨ ਦੇ ਪਾਬੰਦ ਹੋਵੋਗੇ।
4) ਆਪ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ ਤੋਂ ਲੋੜੀਂਦਾ ਐਨ.ਓ.ਸੀ. ਪ੍ਰਾਪਤ ਕਰਕੇ ਵਿਕਾਸ ਕਾਰਜ ਕਰੋਗੇ।
5) ਇਸ ਬਿਲਡਿੰਗ ਦੀ ਸਟਰਕਚਰਲ ਸੇਫਟੀ ਸਬੰਧੀ ਜ਼ਿੰਮੇਵਾਰੀ ਬਿਨੈਕਾਰ ਅਦਾਰੇ ਦੀ ਆਪਣੀ ਹੋਵੇਗੀ ਅਤੇ ਇਸ ਦੀ ਉਸਾਰੀ ਸਟਰਕਚਰਲ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇਗੀ। ਜੇਕਰ ਉਸਾਰੀ ਕਰਦੇ ਸਮੇਂ ਕੋਈ ਰੱਦੋ ਬਦਲ ਕੀਤੀ ਜਾਂਦੀ ਹੈ ਤਾਂ ਉਸ ਦੀ ਰਿਵਾਈਜ਼ਡ ਪ੍ਰਵਾਨਗੀ ਕੰਪੀਟੈਂਟ ਅਥਾਰਟੀ ਤੋਂ ਲਈ ਜਾਵੇਗੀ।
6) ਬਿਜਲੀ ਸਬੰਧੀ ਕਾਰਜ Punjab State Power Corporation Limited ਦੀ ਪ੍ਰਵਾਨਗੀ ਉਪਰੰਤ ਕੀਤੇ ਜਾਣਗੇ ਅਤੇ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ:18/4/16ਓ.ਮ.1/ 1856, ਮਿਤੀ 24.06.2016 ਅਨੁਸਾਰ Punjab State Energy conservation building code(P-ECBC) ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।
7) ਬਿਲਡਿੰਗ ਵਿੱਚ ਜਨ ਸਹੂਲਤਾਂ (ਪਬਲਿਕ ਹੈਲਥ ਤੇ ਬਿਜਲੀ) ਅਤੇ ਸੀਵਰੇਜ਼, ਸੋਲਿਡ ਵੇਸਟ ਡਿਸਪੋਜ਼ਲ ਸਟੈਂਡਰਡ ਨਾਰਮਜ਼ ਅਨੁਸਾਰ ਉਪਬੰਧ ਕਰਨ ਦੀ ਜ਼ਿੰਮੇਵਾਰੀ ਆਪ ਦੀ ਆਪਣੀ ਹੋਵੇਗੀ।
8) ਆਪ ਵੱਲੋਂ ਵਿਸ਼ੇ ਅਧੀਨ ਸਾਈਟ ਵਿੱਚ ਸੋਲਰ ਵਾਟਰ ਹੀਟਿੰਗ ਅਤੇ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਦੀ ਪ੍ਰੋਵੀਜ਼ਨ ਕੀਤੀ ਜਾਵੇਗੀ ।
9) ਬਿਲਡਿੰਗ ਦਾ ਸਟਰਕਚਰ ਡਿਜ਼ਾਇਨ ਕਰਦੇ ਸਮੇਂ ਭੂਚਾਲ ਤੋਂ ਬਚਾਅ ਦੇ ਮਾਪਦੰਡ ਅਪਣਾਏ ਜਾਣਗੇ।
10) ਬਿਲਡਿੰਗ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਕੰਪੀਟੈਂਟ ਅਥਾਰਟੀ ਵੱਲੋਂ ਕੰਪਲੀਸ਼ਨ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇਗਾ।
11) ਆਪ ਨੂੰ ਉਪਰੋਕਤ ਬਿਲਡਿੰਗ ਦੀ ਉਸਾਰੀ ਜਾਂ ਇਸ ਦੀ ਵਰਤੋਂ ਸਬੰਧੀ ਜੇਕਰ ਕੋਈ ਕਾਨੂੰਨੀ ਪ੍ਰਵਾਨਗੀ ਕਿਸੇ ਕਾਨੂੰਨ ਜਾਂ ਹਦਾਇਤਾਂ ਅਨੁਸਾਰ ਲੋੜੀਦੀ ਹੋਵੇਗੀ, ਉਹ ਆਪ ਵੱਲੋਂ ਆਪਣੇ ਪੱਧਰ ਤੇ ਪ੍ਰਾਪਤ ਕੀਤੀ ਜਾਵੇਗੀ।
12) ਜੇਕਰ ਉਪਰੋਕਤ ਦਰਸਾਏ ਚਾਰਜਿਜ਼ ਤੋਂ ਇਲਾਵਾ ਆਪ ਵੱਲ ਕੋਈ ਹੋਰ ਰਕਮ ਬਕਾਇਆ ਨਿਕਲ ਆਉਂਦੀ ਹੈ ਤਾਂ ਆਪ ਅਦਾ ਕਰਨ ਦੇ ਪਾਬੰਦ ਹੋਵੋਗੇ।
13) ਆਪ ਮੁੱਖ ਪ੍ਰਸਾਸ਼ਕ, ਪੁੱਡਾ ਵੱਲੋਂ ਜਾਰੀ ਮੀਮੋ ਨੰ: PUDA/CA/2013/1713-16, dated 27.02.2013 ਵਿੱਚ ਦਰਜ ਹਦਾਇਤਾਂ ਦੇ ਸਨਮੁੱਖ ਬਿਲਡਿੰਗ ਦੀ ਉਸਾਰੀ ਲਈ ਅੰਡਰ ਗਰਾਊਂਡ ਵਾਟਰ [illegible] ਕਰਨ ਦੇ ਪਾਬੰਦ ਹੋਵੋਗੇ।
14) ਆਪ construction activity ਨੂੰ ਮੋਨੀਟਰ ਕਰਨ ਸਬੰਧੀ ਸਰਕਾਰ ਵਲੋ ਸਰਕਾਰ ਵਲੋਂ ਜਾ[illegible] ਮੀਮੋ ਨੰ: 17/20/2016-1HG/1112 dated 02.03.2017 ਦੀਆਂ ਮਿਥਿਆਵਾਂ ਦੀ ਇੰਨ-ਬਿੰਨ ਪਾਲਣਾ ਕਰਨ ਦੇ ਪਾਬੰਦ ਹੋਵੋਗੇ।
15) ਆਪ ਵਧੀਕ ਮੁੱਖ ਪ੍ਰਸ਼ਾਸਕ, ਪਟਿਆਲਾ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ, ਪਟਿਆਲਾ ਦੇ ਮੀਮੋ ਨੰ: ਪੀ.ਡੀ.ਏ-ਵਮੁਪ੍ਰ-ਸ-6(4564)/2018/ 275 ਮਿਤੀ 25.05.2018 ਵਿਚ ਲਗਾਈਆਂ ਗਈਆਂ ਸ਼ਰਤਾਂ ਦੀ ਪੂਰਤੀ ਕਰਨ ਦੇ ਪਾਬੰਦ ਹੋਵੋਗੇ।

Divisional Forest Officer,
Sangrur Forest Division,
SANGRUR

For Spangle Stone
Rajeev Kumar
Partner

16) ਆਪ ਵਣ ਮੰਡਲ ਅਫ਼ਸਰ, ਸੰਗਰੂਰ ਵਲੋਂ ਜਾਰੀ ਪੱਤਰ ਨੰ:2967 ਮਿਤੀ 11.08.2017 ਵਿਚ ਲਗਾਈਆਂ ਗਈਆਂ ਸ਼ਰਤਾਂ ਦੀ ਪੂਰਤੀ ਕਰਨ ਦੇ ਪਾਬੰਦ ਹੋਵੋਗੇ ਅਤੇ ਫਾਈਨਲ NOC ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।

17) ਆਪ ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ, ਭ ਤੇ ਮ ਸ਼ਾਖਾ ਸੰਗਰੂਰ ਦੇ ਪੱਤਰ ਨੰ:2974 ਮਿਤੀ 22.01.2018 ਰਾਹੀਂ ਜਾਰੀ ਐਨ.ਓ.ਸੀ.ਵਿਚ ਦਰਜ਼ ਸ਼ਰਤਾਂ ਦੀ ਪਾਲਣਾ ਕਰਨ ਦੇ ਪਾਬੰਦ ਹੋਵੋਗੇ।

18) ਆਪ ਉਕਤ ਸ਼ਰਤਾਂ ਅਤੇ ਵੱਖ-ਵੱਖ ਵਿਭਾਗਾਂ ਵਲੋਂ ਜਾਰੀ ਐਨ.ਓ.ਸੀ.ਵਿੱਚ ਦਰਜ਼ ਸ਼ਰਤਾਂ ਦੀ ਪੂਰਤੀ ਕਰਨ ਉਪਰੰਤ "The Punjab Regional and Town Planning and Development Act, 1995 ਦੇ ਸੈਕਸ਼ਨ 180(1) ਤਹਿਤ ਤਿਆਰ ਕੀਤੇ ਗਏ ਪੁੱਡਾ ਬਿਲਡਿੰਗ ਰੂਲਜ਼, 2013 ਦੇ ਪਾਰਟ-1,2(ਪੀ) ਅਨੁਸਾਰ ਕੰਪਲੀਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਦੇ ਪਾਬੰਦ ਹੋਵੋਗੇ।

3. ਪ੍ਰਵਾਨ ਕੀਤੇ ਬਿਲਡਿੰਗ ਪਲੈਨਾਂ ਦਾ ਇੱਕ ਸੈਟ ਨਾਲ ਨੱਥੀ ਕੀਤਾ ਜਾਂਦਾ ਹੈ।

ਨੱਥੀ/-ਉਪਰੋਕਤ ਅਨੁਸਾਰ।

ਮੁੱਖ ਨਗਰ ਯੋਜਨਾਕਾਰ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ:

ਇਸ ਦਾ ਇੱਕ ਉਤਾਰਾ ਮੁੱਖ ਪ੍ਰਸ਼ਾਸਕ, ਪਟਿਆਲਾ ਡਿਵੈਲਪਮੈਂਟ ਅਥਾਰਟੀ, ਪਟਿਆਲਾ ਨੂੰ ਉਹਨਾਂ ਵੱਲ ਸੀਨੀਅਰ ਨਗਰ ਯੋਜਨਾਕਾਰ, ਪਟਿਆਲਾ ਦੇ ਪਿ:ਅੰ:ਨੰ:486-ਐਸਟੀਪੀ(ਪੀ)/ਐਸਪੀ-327 ਮਿਤੀ 28.02.2018 ਦੀ ਲਗਾਤਾਰਤਾ ਵਿੱਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਸ ਤੋਂ ਇਲਾਵਾ ਪ੍ਰਾਰਥੀ ਸੰਸਥਾ ਵੱਲ ਜੇਕਰ ਕੋਈ ਬਕਾਇਆ ਚਾਰਜਿਜ਼ ਨਿਕਲਦੇ ਹੋਣ ਤਾਂ ਉਹ ਆਪਣੀ ਪੱਧਰ ਤੇ ਵਸੂਲ ਕਰ ਲਏ ਜਾਣ।

ਮੁੱਖ ਨਗਰ ਯੋਜਨਾਕਾਰ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ:

ਇਸ ਦਾ ਇੱਕ ਉਤਾਰਾ ਮੁੱਖ ਪ੍ਰਸ਼ਾਸਕ, ਪੁੱਡਾ,ਮੋਹਾਲੀ ਨੂੰ ਉਹਨਾਂ ਵੱਲ ਸੀਨੀਅਰ ਨਗਰ ਯੋਜਨਾਕਾਰ, ਪਟਿਆਲਾ ਦੇ ਪਿ:ਅੰ:ਨੰ:487-ਐਸਟੀਪੀ(ਪੀ)/ਐਸਪੀ-327 ਮਿਤੀ 28.02.2018 ਦੀ ਲਗਾਤਾਰਤਾ ਵਿੱਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਸ ਤੋਂ ਇਲਾਵਾ ਪ੍ਰਾਰਥੀ ਸੰਸਥਾ ਵੱਲ ਜੇਕਰ ਕੋਈ ਬਕਾਇਆ ਚਾਰਜਿਜ਼ ਨਿਕਲਦੇ ਹੋਣ ਤਾਂ ਉਹ ਆਪਣੀ ਪੱਧਰ ਤੇ ਵਸੂਲ ਕਰ ਲਏ ਜਾਣ।

ਮੁੱਖ ਨਗਰ ਯੋਜਨਾਕਾਰ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ

ਇਸ ਦਾ ਇੱਕ ਉਤਾਰਾ ਕਿਰਤ ਕਮਿਸ਼ਨਰ, ਪੰਜਾਬ, 17 ਬੇਅਜ਼ ਬਿਲਡਿੰਗ, ਸੈਕਟਰ 17-ਡੀ, ਚੰਡੀਗੜ੍ਹ ਨੂੰ ਸਮੇਤ ਡੀਡੀ ਨੰ:943178, ਮਿਤੀ 23.05.2018 ਬਾਬਤ ਰਕਮ 4,57,715/-ਜੋ ਕਿ ਸਟੇਟ ਬੈਂਕ ਆਫ ਇੰਡੀਆਂ ਵੱਲੋਂ ਪੰਜਾਬ ਕੰਨਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਨਾਂ ਤੇ ਜਾਰੀ ਹੈ, ਭੇਜਿਆ ਜਾਂਦਾ ਹੈ। ਉਕਤ ਬਿਲਡਿੰਗ ਪਲੈਨ ਅਨੁਸਾਰ ਉਸਾਰੇ ਜਾਣ ਵਾਲੇ ਕਵਰਡ ਏਰੀਏ ਦੇ ਐਸਟੀਮੇਟ ਦੀ ਕਾਪੀ ਮੂਲ ਰੂਪ ਵਿਚ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਜੇਕਰ ਹੋਰ ਕੋਈ ਚਾਰਜਿਜ਼ ਬਣਦੇ ਹੋਣ ਤਾਂ ਆਪਣੀ ਪੱਧਰ ਤੇ ਵਸੂਲ ਕਰ ਲਏ ਜਾਣ।

ਨੱਥੀ/ ਉਪਰੋਕਤ ਅਨੁਸਾਰ।

ਮੁੱਖ ਨਗਰ ਯੋਜਨਾਕਾਰ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ:

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪਟਿਆਲਾ।
2) ਮੁੱਖ ਵਣਪਾਲ, ਜੰਗਲਾਤ ਵਿਭਾਗ, ਪੰਜਾਬ, ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ, ਭ ਤੇ ਮ ਸ਼ਾਖਾ ਸੰਗਰੂਰ।
4) ਸੀਨੀਅਰ ਨਗਰ ਯੋਜਨਾਕਾਰ, ਪਟਿਆਲਾ।
5) ਜ਼ਿਲਾ ਨਗਰ ਯੋਜਨਾਕਾਰ, ਸੰਗਰੂਰ ਨੂੰ ਬਿਲਡਿੰਗ ਪਲੈਨਾਂ ਦੀ ਕਾਪੀ ਸਮੇਤ।

Divisional Forest Officer,
Sangrur Forest Division,
SANGRUR

ਮੁੱਖ ਨਗਰ ਯੋਜਨਾਕਾਰ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: ਸੀਟੀਪੀ(ਪਬ)/ ਮਿਤੀ:

ਇਸਦਾ ਇੱਕ ਉਤਾਰਾ PEDA, Chandigarh ਨੂੰ ਸਮੇਤ ਬਿਲਡਿੰਗ ਪਲੈਨਜ਼ ਦੇ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ ਉਪਰੋਕਤ ਅਨੁਸਾਰ।

For Spangle Stone

Partner

ਮੁੱਖ ਨਗਰ ਯੋਜਨਾਕਾਰ,
ਪੰਜਾਬ, ਚੰਡੀਗੜ੍ਹ।